ਅਕਤੂਬਰ 2023, ਅੰਕ 8

# ALTA CONNECTIONS

ਤਿਮਾਹੀ ਕਲਾਇੰਟ, ਸੇਵਾ ਪ੍ਰਦਾਤਾ, ਅਤੇ ਸਟਾਫ਼ ਅੱਪਡੇਟ ਨਿਊਜ਼ਲੈਟਰ



ਸਾਡੀ **ਵਿਸ਼ੇਸ਼ ਕਲਾਕਾਰ ਸਟੈਫਨੀ ਡੋਰਡਨ (Stephanie Dardon) ਬਾਰੇ ਹੋਰ,** ਪੰਨਾ 10

## ਕਾਰਜਕਾਰੀ ਨਿਦੇਸ਼ਕ ਦਾ ਸੁਨੇਹਾ

*ਕਾਰਜਕਾਰੀ ਨਿਦੇਸ਼ਕ ਲੌਰੀ ਬੈਨੇਲਸ (Lori Banales)*

ਪਤਝੜ ਦੀ ਰੁੱਤ ਮੁਬਾਰਕ ਹੋਵੇ! ਮੌਸਮ ਦੇ ਬਦਲਣ ਦੇ ਨਾਲ, ਜਸ਼ਨ ਮਨਾਉਣ ਲਈ ਬਹੁਤ ਕੁਝ ਹੈ ਜਿਸ ਦੌਰਾਨ ਅਸੀਂ ਉਹਨਾਂ ਸਾਰੇ ਮੌਕਿਆਂ ਨੂੰ ਗ੍ਰਹਿਣ ਕਰਦੇ ਹਾਂ ਜੋ ਸਾਡੇ ਖੇਤਰੀ ਕੇਂਦਰ ਦੇ ਭਾਈਚਾਰੇ ਲਈ ਇਸ ਅਗਲੀ ਤਿਮਾਹੀ ਵਿੱਚ ਮੌਜੂਦ ਹਨ। ਇਸ ਨਿਊਜ਼ਲੈਟਰ ਦੇ ਪਿਛਲੇ ਕਈ ਸੰਸਕਰਣਾਂ ਵਿੱਚ, ਅਸੀਂ ਆਪਣੀ ਏਜੰਸੀ ਦੀ ਰਣਨੀਤਕ ਯੋਜਨਾ ਵਿੱਚ ਸ਼ਾਮਲ ਕੀਤੇ ਚਾਰ ਫੋਕਸ ਖੇਤਰਾਂ ਵਿੱਚੋਂ ਇੱਕ ਨੂੰ ਉਜਾਗਰ ਕੀਤਾ ਹੈ। ਇਸ ਸੰਸਕਰਣ ਵਿੱਚ, ਅਸੀਂ ਆਪਣਾ ਧਿਆਨ ਕਲਾਇੰਟ ਅਤੇ ਪਰਿਵਾਰਕ ਸਹਾਇਤਾ ਵੱਲ ਦੇਵਾਂਗੇ। ਇਹ ਫੋਕਸ ਖੇਤਰ ਗਾਹਕਾਂ ਅਤੇ ਪਰਿਵਾਰਾਂ ਦੀਆਂ ਅਜਿਹੇ ਤਰੀਕਿਆਂ ਨਾਲ ਸੇਵਾਵਾਂ ਅਤੇ ਸਹਾਇਤਾ ਪ੍ਰਾਪਤ ਕਰਨ ਦੀਆਂ ਲੋੜਾਂ ਅਤੇ ਇੱਛਾਵਾਂ ਨੂੰ ਸ਼ਾਮਲ ਕਰਦਾ ਹੈ ਜੋ ਉਹਨਾਂ ਲਈ ਸਭ ਤੋਂ ਵਧੀਆ ਕਾਰਗਰ ਹੋਣ। ਇੱਕ ਵਾਰ ਦੀ ਫੰਡਿੰਗ ਰਾਹੀਂ, ਸਾਡਾ ਖੇਤਰੀ ਕੇਂਦਰ ਸਾਡੇ ਬਹੁਤ ਸਾਰੇ ਅਰਲੀ-ਸਟਾਰਟ ਪਰਿਵਾਰਾਂ ਲਈ, ਜਿਨ੍ਹਾਂ ਨੇ ਸੇਵਾ ਵਿੱਚ ਰੁਕਾਵਟਾਂ ਦਾ ਅਨੁਭਵ ਕੀਤਾ ਹੈ, ਮੌਕਿਆਂ ਨੂੰ ਵਧਾਉਣ ਲਈ ਭਾਸ਼ਾ ਸੰਬੰਧੀ ਪਹੁੰਚ ਦੀਆਂ ਲੋੜਾਂ, ਗੈਰ-ਰਵਾਇਤੀ ਸੇਵਾ ਦੇ ਸਮਿਆਂ 'ਤੇ ਪਾਬੰਦੀਆਂ ਅਤੇ ਭੂਗੋਲਿਕ ਪ੍ਰੋਤਸਾਹਨ ਨੂੰ ਹੱਲ ਕਰ ਸਕਿਆ ਹੈ। ਅਸੀਂ ਇਹ ਜਾਣਨ ਲਈ ਕਿ ਸਾਡੀਆਂ ਕੋਸ਼ਿਸ਼ਾਂ ਅਤੇ ਪਹਿਲਕਦਮੀਆਂ ਨੂੰ ਕਿੱਥੇ ਕੇਂਦਰਿਤ ਕਰਨਾ ਹੈ, ਆਪਣੇ ਭਾਈਚਾਰਿਆਂ ਦੇ ਵਿਚਾਰਾਂ ਨੂੰ ਸੁਣਨਾ ਜਾਰੀ ਰੱਖ ਰਹੇ ਹਾਂ। ਇਸ ਤੋਂ ਇਲਾਵਾ, ਅਸੀਂ ਵੈਲੀ ਮਾਉਂਟੇਨ ਰੀਜਨਲ ਸੈਂਟਰ (VMRC) ਅਤੇ ਅਲਟਾ ਕੈਲੀਫੋਰਨੀਆ ਰੀਜਨਲ ਸੈਂਟਰ (ACRC) ਵਿਚਕਾਰ DSP Collaborative ਦੇ ਪ੍ਰਚਾਰ ਨਾਲ ਜੁੜੇ ਹੋਏ ਹਾਂ। ਇਹ ਸਹਿਯੋਗ ਡਾਇਰੈਕਟ ਸਪੋਰਟ ਪ੍ਰੋਫੈਸ਼ਨਲਜ਼ (DSPs) ਦੇ ਕਰਮਚਾਰੀਆਂ ਦੇ ਮੁੜ ਨਿਰਮਾਣ 'ਤੇ ਕੇਂਦ੍ਰਿਤ ਹੈ।

ਜਾਰੀ ਹੈ ਪੰਨਾ 2

### ਇਸ ਅੰਕ ਵਿੱਚ ਕੀ ਹੈ:


- ED ਤੋਂ ਸੁਨੇਹਾ
- DSP ਸਲਾਹੁਣਾ ਹਫ਼ਤਾ
- DSP ਪ੍ਰੋਫਾਈਲ
- ਸਟਾਫ਼ ਦਾ ਪ੍ਰੋਫਾਈਲ
- ਕਲਾਇੰਟ ਦਾ ਜਨਮਦਿਨ
- ਸਮਰਥਿਤ ਫੈਸਲੇ ਲੈਣੇ
- ਸੀਅਰਾ ਕਾਲਜ ਵੈਂਡਰ ਨੌਕਰੀ ਮੇਲਾ
- ਭਾਈਚਾਰੇ ਵਿੱਚ ਲੋਕਾਂ ਤਕ ਪਹੁੰਚ
- ਸਮਰਥਿਤ ਜੀਵਨ ਕਾਨਫਰੰਸ
- ਭਾਈਚਾਰਕ ਸੇਵਾਵਾਂ ਬਾਰੇ ਅੱਪਡੇਟ
- ਵਿਸ਼ੇਸ਼ ਕਲਾਕਾਰ

## ਕਾਰਜਕਾਰੀ ਨਿਦੇਸ਼ਕ ਦਾ ਸੁਨੇਹਾ - ਜਾਰੀ ਹੈ

*ਕਾਰਜਕਾਰੀ ਨਿਦੇਸ਼ਕ - ਲੌਰੀ ਬੈਨੇਲਸ (Lori Banales)*

ਸਾਡੇ ਗਾਹਕਾਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਪਹੁੰਚਯੋਗ ਅਤੇ ਉਪਲਬਧ ਸਰੋਤ ਪ੍ਰਦਾਨ ਕਰਨ ਲਈ, ਕਰਮਚਾਰੀਆਂ ਨੂੰ ਬਣਾਏ ਰੱਖਣਾ ਲਾਜ਼ਮੀ ਹੈ। ਅਸੀਂ ਆਪਣੇ ਪ੍ਰਦਾਤਾਵਾਂ ਦਾ ਸਮਰਥਨ ਕਰਨ ਲਈ ਉਹ ਸਭ ਕੁਝ ਕਰਨ ਲਈ ਵਚਨਬੱਧ ਹਾਂ ਤਾਂ ਜੋ ਉਹ ਬਦਲੇ ਵਿੱਚ ਤੁਹਾਡਾ ਸਮਰਥਨ ਕਰ ਸਕਣ! ACRC ਨੂੰ ਇਹ ਦੇਖ ਕੇ ਬਹੁਤ ਖੁਸ਼ੀ ਹੋਈ ਕਿ ਗਵਰਨਰ ਨੇ ਉਹਨਾਂ ਲੋਕਾਂ ਦੇ ਕੰਮ ਅਤੇ ਸਮਰਪਣ ਨੂੰ ਪਛਾਣਿਆ ਜੋ ਮਾਣ ਨਾਲ ਅਤੇ ਪੇਸ਼ੇਵਰ ਤੌਰ 'ਤੇ ਬੌਧਿਕ ਅਤੇ ਵਿਕਾਸ ਸੰਬੰਧੀ ਅਸਮਰਥਤਾਵਾਂ ਵਾਲੇ ਲੋਕਾਂ ਦੀ ਸਹਾਇਤਾ ਕਰਦੇ ਹਨ। ਧਿਆਨ ਦੇਣ ਅਤੇ ਜਸ਼ਨ ਮਨਾਉਣ ਲਈ ਬਹੁਤ ਸਾਰੇ ਲੋਕ ਹਨ ਅਤੇ ਜਿਵੇਂ-ਜਿਵੇਂ ਤੁਸੀਂ ਅੱਗੇ ਪੜ੍ਹਦੇ ਹੋ, ਅਸੀਂ ਉਮੀਦ ਕਰਦੇ ਹਾਂ ਕਿ ਤੁਹਾਨੂੰ ਉਹਨਾਂ ਵਿੱਚੋਂ ਕੁਝ ਬਾਰੇ ਪੜ੍ਹ ਕੇ ਚੰਗਾ ਲੱਗੇਗਾ। ਉਹ, ਉਹ ਸਭ ਕੁਝ ਦਰਸਾਉਂਦੇ ਹਨ ਜੋ ਸਾਡੀ ਸੇਵਾ ਪ੍ਰਣਾਲੀ ਦੇ ਵਿੱਚ ਚੰਗਾ ਹੈ। ਅਸੀਂ ਜਾਣਦੇ ਹਾਂ ਕਿ ਕਰਮਚਾਰੀਆਂ ਦਾ ਪੁਨਰ ਨਿਰਮਾਣ ਰਾਤੋ-ਰਾਤ ਨਹੀਂ ਹੋਵੇਗਾ। ਸਾਡੀਆਂ ਕੋਸ਼ਿਸ਼ਾਂ ਥੋੜ੍ਹੇ ਸਮੇਂ ਲਈ ਨਹੀਂ ਹਨ। ਅਸੀਂ ਅਜਿਹੀਆਂ ਰਣਨੀਤੀਆਂ ਵਿਕਸਿਤ ਕਰ ਰਹੇ ਹਾਂ ਜੋ ਲੰਬੇ ਸਮੇਂ ਲਈ ਸਾਡਾ ਸਮਰਥਨ ਕਰਨਗੀਆਂ। ਅਸੀਂ ਪਛਾਣਦੇ ਹਾਂ ਕਿ ਬਹੁਤ ਸਾਰੇ ਗਾਹਕਾਂ ਨੇ ਹਾਲੇ ਵੀ ਮਹਾਂਮਾਰੀ ਤੋਂ ਪਹਿਲਾਂ ਦੇ ਸੇਵਾ ਪੱਧਰਾਂ 'ਤੇ ਵਾਪਸ ਜਾਣਾ ਹੈ ਅਤੇ ਜਿਸ ਦੌਰਾਨ ਅਸੀਂ ਸਾਡੀ ਸੇਵਾ ਪ੍ਰਣਾਲੀ ਨੂੰ ਨਵੇਂ ਸਿਰੇ ਤੋਂ ਤਿਆਰ ਕਰਦੇ ਹਾਂ, ਤੁਹਾਡੇ ਧੀਰਜ ਅਤੇ ਸਮਝ ਲਈ ਤੁਹਾਡਾ ਧੰਨਵਾਦ। ਆਵਾਜਾਈ ਇਸ ਪਹੇਲੀ ਦਾ ਇੱਕ ਵੱਡਾ ਹਿੱਸਾ ਹੈ। ਅਸੀਂ 1 ਅਕਤੂਬਰ ਤੋਂ ਆਵਾਜਾਈ ਦੇ ਰੂਟਾਂ ਅਤੇ ਕੁਸ਼ਲਤਾਵਾਂ ਨੂੰ ਵੱਧ ਤੋਂ ਵੱਧ ਕਰਨ, ਜਿਸ ਵਿੱਚ ਸਮਰੱਥਾ ਵਧਾਉਣਾ ਸ਼ਾਮਲ ਹੋਵੇਗਾ, ਵਿੱਚ ACRC ਦੀ ਸਹਾਇਤਾ ਕਰਨ ਲਈ ਇੱਕ ਟ੍ਰਾਂਸਪੋਰਟੇਸ਼ਨ ਬ੍ਰੋਕਰ, R&D ਟਰਾਂਸਪੋਰਟੇਸ਼ਨ ਵਿੱਚ ਤਬਦੀਲ ਹੋ ਗਏ ਹਾਂ।

ACRC ਹਿਸਪੈਨਿਕ ਹੈਰੀਟੇਜ ਮਹੀਨਾ ਵੀ ਮਨਾ ਰਿਹਾ ਹੈ। ਅਸੀਂ ਤਿਉਹਾਰਾਂ ਅਤੇ ਆਊਟਰੀਚ ਮੌਕਿਆਂ ਵਿੱਚ ਹਿੱਸਾ ਲੈਂਦੇ ਹੋਏ ਬਾਹਰ ਭਾਈਚਾਰੇ ਵਿੱਚ ਗਏ ਹਾਂ। ਇਸ ਮਹੀਨੇ, ACRC 28 ਅਕਤੂਬਰ ਨੂੰ UC Davis MIND ਇੰਸਟੀਚਿਊਟ ਵਿਖੇ ਕਾਨਫਰੰਸ 2023, Aprendiendo Juntos ਨੂੰ ਸਮਰਥਨ ਦੇਣ ਅਤੇ ਉਤਸ਼ਾਹਿਤ ਕਰਨ ਬਾਰੇ ਬਹੁਤ ਖੁਸ਼ ਹੈ। ਜਿਹੜੇ ਪਰਿਵਾਰ ਇਸ ਸਪੈਨਿਸ਼ ਭਾਸ਼ਾ ਕਾਨਫਰੰਸ ਵਿੱਚ ਸ਼ਾਮਲ ਹੋਣ ਵਿੱਚ ਦਿਲਚਸਪੀ ਰੱਖਦੇ ਹਨ, ਜੇਕਰ ਉਹ ਆਪਣੀ ਰਜਿਸਟ੍ਰੇਸ਼ਨ ਲਈ ਖੇਤਰੀ ਕੇਂਦਰ ਫੰਡਿੰਗ ਦੀ ਬੇਨਤੀ ਕਰਨਾ ਚਾਹੁੰਦੇ ਹਨ ਤਾਂ ਉਹਨਾਂ ਨੂੰ ਆਪਣੇ ਸੇਵਾ ਕੋਆਰਡੀਨੇਟਰ ਨਾਲ ਸੰਪਰਕ ਕਰਨ ਦੀ ਲੋੜ ਹੈ। ਬਹੁਤ ਸਾਰੀਆਂ ਹੋਰ ਭਾਈਚਾਰਕ ਗਤੀਵਿਧੀਆਂ ਨਿਰਧਾਰਤ ਕੀਤੀਆਂ ਗਈਆਂ ਹਨ ਅਤੇ ਅਸੀਂ ਇਹਨਾਂ ਸਮਾਗਮਾਂ ਨੂੰ ਪੇਸ਼ ਕਰਨ ਲਈ ਸਾਡੀ ਵੈੱਬਸਾਈਟ 'ਤੇ ਮਾਣ ਦੇ ਨਾਲ ਇੱਕ ਕੈਲੰਡਰ ਪੋਸਟ ਕੀਤਾ ਹੈ। ਤੁਹਾਡੀ ਭਾਈਵਾਲੀ ਲਈ ਧੰਨਵਾਦ। ਅਸੀਂ ਇਕੱਠੇ ਬਿਹਤਰ ਹਾਂ ਅਤੇ ਸੇਵਾ ਕਰਨ ਲਈ ਉਤਸੁਕ ਹਾਂ।

## ਕਾਰਜਨੀਤਕ ਯੋਜਨਾ ਦਾ ਮੁੱਖ ਖੇਤਰ
## ਕਲਾਇੰਟ ਅਤੇ ਪਰਿਵਾਰਕ ਸਹਾਇਤਾ




**ਮੁੱਖ ਖੇਤਰ ਦੀ ਪਰਿਭਾਸ਼ਾ:**

ਖੇਤਰੀ ਕੇਂਦਰ ਵਧੇਰੇ ਲਚਕਤਾ ਅਤੇ ਵਧੇਰੇ ਪਰਿਵਾਰ-ਕੇਂਦ੍ਰਿਤ ਸੇਵਾਵਾਂ ਅਤੇ ਸਹਾਇਤਾ ਦੀ ਪੜਚੋਲ ਕਰੇਗਾ ਤਾਂ ਜੋ ਬੌਧਿਕ/ਵਿਕਾਸ ਸੰਬੰਧੀ ਅਸਮਰਥਤਾਵਾਂ ਵਾਲੇ ਲੋਕ ਘਰ ਵਿੱਚ ਰਹਿਣਾ ਜਾਰੀ ਰੱਖ ਸਕਣ ਅਤੇ ਉਹਨਾਂ ਦੀ ਅਜਿਹੇ ਤਰੀਕਿਆਂ ਨਾਲ ਸਹਾਇਤਾ ਕੀਤੀ ਜਾ ਸਕੇ ਜੋ ਉਹਨਾਂ ਲਈ ਸਹੀ ਹਨ।

**ਭਾਈਚਾਰਕ ਇਨਪੁਟ:**

- ਭਾਈਚਾਰਕ ਸਰੋਤਾਂ ਦੀ ਪਛਾਣ ਕਰਨ ਲਈ ਪਰਿਵਾਰਾਂ ਨੂੰ ਮਦਦ ਦੀ ਲੋੜ ਹੁੰਦੀ ਹੈ।
- ਪਰਿਵਾਰ ਆਪਣੀ ਸਹਾਇਤਾ ਲਈ ਅਜਿਹੇ ਲੋਕਾਂ ਨੂੰ ਲੱਭਣਾ ਚਾਹੁੰਦੇ ਹਨ ਜਿਨ੍ਹਾਂ 'ਤੇ ਉਹ ਭਰੋਸਾ ਕਰਦੇ ਹਨ ਅਤੇ ਜੋ ਉਹਨਾਂ ਦੀ ਭਾਸ਼ਾ ਅਤੇ ਸੱਭਿਆਚਾਰ ਨੂੰ ਸਮਝਦੇ ਹਨ।
- ਵੱਖ-ਵੱਖ ਸਭਿਆਚਾਰਾਂ ਅਤੇ ਭਾਸ਼ਾਵਾਂ ਦੀ ਨੁਮਾਇੰਦਗੀ ਕਰਨ ਵਾਲੇ ਸਿੱਧੇ ਸਹਾਇਤਾ ਕਾਰਜਬਲ ਨੂੰ ਆਕਰਸ਼ਿਤ ਕਰਨ ਅਤੇ ਬਰਕਰਾਰ ਰੱਖਣ ਦੀ ਵੱਧਦੀ ਲੋੜ ਹੈ।
- ਪਰਿਵਾਰ ਅਜਿਹੀ ਸਹਾਇਤਾ ਨੂੰ ਡਿਜ਼ਾਈਨ ਕਰਨ ਲਈ ਵਧੇਰੇ ਲਚਕਤਾ ਚਾਹੁੰਦੇ ਹਨ ਜੋ ਉਹਨਾਂ ਦੇ ਪਰਿਵਾਰ ਲਈ ਕੰਮ ਕਰੇ।

# ਸਿੱਧੀ ਸਹਾਇਤਾ ਪੇਸ਼ੇਵਰ ਹਫ਼ਤਾ



OFFICE OF THE GOVERNOR

September 10-16, 2023

***Direct Support Professional Recognition Week***

This Direct Support Professional Recognition Week, California honors the many Direct Support Professionals providing essential caregiving services to Californians with intellectual and developmental disabilities. California is the only state that promises individuals with disabilities the services and supports they need to participate in their communities, coordinated by Regional Centers and fulfilled by service provider organizations. Direct Support Professionals deliver on this promise to more than 400,000 Californians with intellectual and developmental disabilities and their families every day.

Every Californian with disabilities deserves to be included as a valued member of the community. Working toward that reality is the fundamental role of a Direct Support Professional – which extends far beyond caregiving. Direct Support Professionals build close, respectful, and trusting relationships, becoming integral in the day-to-day lives of the people and families they serve. Whether it is working at a job, finding transportation, or accessing community life, Direct Support Professionals provide consistent support for Californians with disabilities to meet their goals and become more independent.

Direct Support Professionals are at the heart of disability services, and the Newsom Administration has advanced investments in recent years to support this foundational workforce. This includes $127.8 million for training and development stipends, $22.5 million to fund paid internships in the field, and $11.9 million to establish a competency-based training and certification program to foster a more sustainable and professional workforce. With women and people of color at the forefront, the direct support workforce reflects the diversity of our state, making it possible to meet the unique needs of Californians with disabilities and their families in every community. Direct Support Professionals are creating a safer, more accessible California for all through their work.

As California celebrates Direct Support Professionals and their invaluable contributions to our state, we renew our commitment to strengthening the Direct Support Professional workforce and all direct caregiving jobs serving people of all ages and abilities in California.

Sincerely,

Gavin Newsom

GOVERNOR GAVIN NEWSOM • STATE CAPITOL • SACRAMENTO, CALIFORNIA 95814 • (916) 445-2841

10-16 ਸਤੰਬਰ, 2023 ਸਿੱਧੀ ਸਹਾਇਤਾ ਪੇਸ਼ੇਵਰ ਪਛਾਣ ਹਫ਼ਤਾ (Direct Support Professional Recognition Week) ਸੀ। ACRC ਨੇ ਇਹ ਦਿਨ ਸਾਡੇ ਸਥਾਨਕ ਸੇਵਾ ਪ੍ਰਦਾਤਾਵਾਂ ਤੋਂ ਸ਼ਾਨਦਾਰ ਸਿੱਧੀ ਸਹਾਇਤਾ ਪੇਸ਼ੇਵਰਾਂ ਦੀਆਂ ਕਹਾਣੀਆਂ ਅਤੇ ਤਸਵੀਰਾਂ ਸਾਂਝੀਆਂ ਕਰਕੇ ਮਨਾਇਆ। ਗਵਰਨਰ ਨਿਊਸਮ ਨੇ ਕਿਹਾ, "ਸਿੱਧੀ ਸਹਾਇਤਾ ਪੇਸ਼ੇਵਰ ਅਪਾਹਜਤਾ ਸੇਵਾਵਾਂ ਦੇ ਕੇਂਦਰ ਵਿੱਚ ਹਨ," ਅਤੇ ACRC ਇਸ ਨਾਲ ਪੂਰੀ ਤਰ੍ਹਾਂ ਸਹਿਮਤ ਹੈ। ਉਸਨੇ ਉਹਨਾਂ ਤਰੀਕਿਆਂ 'ਤੇ ਚਰਚਾ ਕੀਤੀ ਜਿਨ੍ਹਾਂ ਨਾਲ ਡਿਪਾਰਟਮੈਂਟ ਔਫ਼ ਡਿਵੈਲਪਮੈਂਟਲ ਸਰਵਿਸਿਜ਼ ਅਸਮਰਥਤਾ ਸੇਵਾਵਾਂ ਦੇ ਕਾਰਜਬਲ ਵਿੱਚ ਨਿਵੇਸ਼ ਕਰ ਰਿਹਾ ਹੈ।

## ਡਿਪਾਰਟਮੈਂਟ ਔਫ਼ ਡਿਵੈਲਪਮੈਂਟਲ ਸਰਵਿਸਿਜ਼ ਦੀਆਂ ਕਾਰਜਬਲ ਪਹਿਲਕਦਮੀਆਂ

DDS ਕਾਰਜਬਲ ਪਹਿਲਕਦਮੀਆਂ https://www.dds.ca.gov/initiatives/workforce-initiatives/ 'ਤੇ ਮਿਲ ਸਕਦੀਆਂ ਹਨ।

DDS Department of Developmental Services

- **ਖੇਤਰੀ ਕੇਂਦਰ ਕਰਮਚਾਰੀ ਟਿਊਸ਼ਨ ਰੀਇੰਬਰਸਮੈਂਟ ਪ੍ਰੋਗਰਾਮ** ਖੇਤਰੀ ਕੇਂਦਰ ਦੇ ਯੋਗ ਕਰਮਚਾਰੀਆਂ ਲਈ ਟਿਊਸ਼ਨ ਭਰਪਾਈ ਪ੍ਰਦਾਨ ਕਰਦਾ ਹੈ ਅਤੇ ਇਸਦਾ ਉਦੇਸ਼ ਵਿਸ਼ਾ ਵਸਤੂ ਦੀ ਮੁਹਾਰਤ ਅਤੇ ਕੈਰੀਅਰ ਵਿੱਚ ਤਰੱਕੀ ਦੇ ਵਿਕਲਪਾਂ ਨੂੰ ਵਧਾਉਣ ਅਤੇ ਖੇਤਰੀ ਕੇਂਦਰਾਂ ਵਿਖੇ ਕਰਮਚਾਰੀਆਂ ਨੂੰ ਬਣਾਏ ਰੱਖਣ ਦੀਆਂ ਦਰਾਂ ਨੂੰ ਬਿਹਤਰ ਬਣਾਉਣ ਦੁਆਰਾ ਖਪਤਕਾਰਾਂ ਨੂੰ ਪ੍ਰਾਪਤ ਹੋਣ ਵਾਲੀਆਂ ਖੇਤਰੀ ਕੇਂਦਰ ਸੇਵਾਵਾਂ ਨੂੰ ਬਿਹਤਰ ਬਣਾਉਣਾ ਹੈ।

- **DSP ਟ੍ਰੇਨਿੰਗ ਸਟਾਈਪੈਂਡ** ਪ੍ਰੋਗਰਾਮ ਉਹਨਾਂ DSPs ਨੂੰ ਸਿਖਲਾਈ ਵਜ਼ੀਫ਼ਾ ਪ੍ਰਦਾਨ ਕਰਦਾ ਹੈ ਜੋ ਸਿਖਲਾਈ ਅਤੇ ਵਿਕਾਸ ਕੋਰਸ ਪੂਰੇ ਕਰਦੇ ਹਨ।

- **ਦੋ-/ਬਹੁ-ਭਾਸ਼ਾਈ ਤਨਖਾਹ ਅੰਤਰ** ਉਹਨਾਂ DSPs ਨੂੰ ਇੱਕ ਤਨਖਾਹ ਅੰਤਰ ਪ੍ਰਦਾਨ ਕਰਦਾ ਹੈ ਜੋ ਅੰਗਰੇਜ਼ੀ ਤੋਂ ਇਲਾਵਾ ਕਿਸੇ ਹੋਰ ਭਾਸ਼ਾ ਜਾਂ ਮਾਧਿਅਮ ਵਿੱਚ ਵਿਅਕਤੀਆਂ ਅਤੇ ਪਰਿਵਾਰਾਂ ਨਾਲ ਨਿਯਮਿਤ ਤੌਰ 'ਤੇ ਸੰਚਾਰ ਕਰਦੇ ਹਨ।

- **DSP ਇੰਟਰਨਸ਼ਿਪ** ਪ੍ਰੋਗਰਾਮ ਤਿੰਨ ਮਹੀਨਿਆਂ ਤੱਕ ਇੰਟਰਨਸ਼ਿਪ ਪ੍ਰਦਾਨ ਕਰਦਾ ਹੈ ਅਤੇ ਇਸ ਵਿੱਚ ਨਵੇਂ ਐਂਟਰੀ-ਪੱਧਰ ਦੇ ਡਾਇਰੈਕਟ ਕੇਅਰ ਵਰਕਫੋਰਸ DSPs ਲਈ ਮਿਆਰੀ ਸਿਖਲਾਈ ਅਤੇ ਵਿਹਾਰਕ ਕੰਮ ਦਾ ਤਜਰਬਾ ਸ਼ਾਮਲ ਹੈ।

- **DSP ਯੂਨੀਵਰਸਿਟੀ** ਪ੍ਰੋਗਰਾਮ DSPs ਲਈ ਇੱਕ ਤਿੰਨ-ਪੱਧਰੀ, ਯੋਗਤਾ-ਅਧਾਰਿਤ ਸਿਖਲਾਈ ਅਤੇ ਪ੍ਰਮਾਣੀਕਰਣ ਪ੍ਰੋਗਰਾਮ ਹੈ ਅਤੇ DSPs ਦੀ ਪੇਸ਼ੇਵਰ ਸਿਖਲਾਈ ਨੂੰ ਬਿਹਤਰ ਬਣਾਉਣ ਲਈ ਤਿਆਰ ਕੀਤਾ ਗਿਆ ਹੈ। ਹਰੇਕ ਟੀਅਰ ਦੀ ਸਫਲਤਾਪੂਰਵਕ ਸੰਪੂਰਨਤਾ ਤਨਖਾਹ ਦੇ ਅੰਤਰ ਨਾਲ ਜੁੜੀ ਹੋਈ ਹੈ।

- **ਟੈਕਨਾਲੋਜੀ ਪਾਇਲਟ** ਪ੍ਰੋਗਰਾਮ ਬੌਧਿਕ ਅਤੇ ਵਿਕਾਸ ਸੰਬੰਧੀ ਅਸਮਰਥਤਾਵਾਂ (I/DD) ਵਾਲੇ ਵਿਅਕਤੀਆਂ ਦੀ ਸਹਾਇਤਾ ਕਰਨ ਲਈ, ਚੁਣੇ ਜਾਣ 'ਤੇ ਅਤੇ ਸੁਰੱਖਿਅਤ ਹੋਣ 'ਤੇ, ਤਕਨਾਲੋਜੀ ਦੀ ਵਰਤੋਂ ਦੀ ਪੜਚੋਲ ਕਰੇਗਾ। DDS ਇਹ ਮਾਪੇਗਾ ਕਿ ਕਿਵੇਂ ਤਕਨਾਲੋਜੀ ਦੀ ਵਰਤੋਂ ਵਿਅਕਤੀਗਤ ਸੇਵਾਵਾਂ 'ਤੇ ਨਿਰਭਰਤਾ ਨੂੰ ਘਟਾਉਂਦੀ ਹੈ, ਦੋਭਾਸ਼ੀ ਸੇਵਾਵਾਂ ਤੱਕ ਪਹੁੰਚ ਨੂੰ ਵਧਾਉਂਦੀ ਹੈ, ਅਤੇ I/DD ਵਾਲੇ ਵਿਅਕਤੀਆਂ ਲਈ ਵਧੇਰੇ ਆਤਮ-ਨਿਰਭਰ ਜੀਵਨ ਜਿਉਣ ਲਈ ਇੱਕ ਪ੍ਰਭਾਵੀ ਵਿਕਲਪ ਪ੍ਰਦਾਨ ਕਰਦੀ ਹੈ।

# ਸਾਡੇ ਭਾਈਚਾਰੇ ਦੇ ਸ਼ਾਨਦਾਰ ਸਿੱਧੀ ਸਹਾਇਤਾ ਪੇਸ਼ੇਵਰ ਕਾਰਜਬਲ ਦਾ ਸਨਮਾਨ ਕਰਨਾ

ਜਿਵੇਂ ਕਿ ਅਸੀਂ ਸਿੱਧੀ ਸਹਾਇਤਾ ਪੇਸ਼ੇਵਰ ਪਛਾਣ ਹਫ਼ਤਾ ਮਨਾਇਆ, ਅਸੀਂ ਸਾਡੇ ਸੋਸ਼ਲ ਮੀਡੀਆ ਖਾਤਿਆਂ 'ਤੇ ਸਾਡੇ ਸੇਵਾ ਪ੍ਰਦਾਤਾਵਾਂ ਦੁਆਰਾ ਚੁਣੇ ਗਏ DSPs ਦੀਆਂ ਬਹੁਤ ਸਾਰੀਆਂ ਤਸਵੀਰਾਂ ਪੋਸਟ ਕੀਤੀਆਂ। ਇਹਨਾਂ ਵਿੱਚੋਂ ਕੁਝ ਦੇਖਭਾਲ ਕਰਨ ਵਾਲੇ, ਮਿਹਨਤੀ ਸਹਾਇਤਾ ਪੇਸ਼ੇਵਰਾਂ ਨੂੰ ਦੇਖੋ ਜਿਨ੍ਹਾਂ ਨੇ ਆਪਣੀਆਂ ਕੰਪਨੀਆਂ ਤੋਂ ਮਾਨਤਾ ਪ੍ਰਾਪਤ ਕੀਤੀ ਹੈ।



ਸ਼ਨੀਨਾ ਜਾਨਸਨ
(Shanina Johnson)

On My Own Independent Living Services



ਰਾਇਨਾ ਡੌਰਟੀ
(Rayna Dougherty)

Dream Theatre Center for the Performing Arts



ਰੋਸ਼ਨਾ ਪੇਲਿਨੀ
(Roshanna Pellini)

PRIDE INDUSTRIES



ਮਾਈਕਲ ਸਮੂਟ
(Michael Smoot)

A.I.M. & ASSOCIATES, INC.



ਮਿਸ਼ੇਲ ਪ੍ਰੈਟ
(Michelle Pratt)

PRIDE INDUSTRIES



ਬ੍ਰਾਇਨਾ ਵਾਕਰ
(Brianna Walker)

tk Momentum



ਕੈਸੈਂਡਰਾ ਗੌਨਾ
(Cassandra Gauna)

Futures Explored



ਮਾਈਕਲ ਥਾਈਗੇਸਨ
(Michael Thygesen)

Futures Explored



ਡਾਨ ਵਿਟ
(Dawn Witt)

tk Momentum



ਡਕੋਟਾ ਮਦੀਨਾ
(Dakota Medina)

SOUTHSIDE UNLIMITED



ਮੈਪਲ ਐਵਰੀ
(Maple Avery)

CREATIVE LIVING OPTIONS



ਵਰਜੀਨੀਆ ਡੇਲੀ
(Virginia Daley)

ਚਾਰਲਸ ਸ਼ਰਮਨ ਦਾ ਘਰ I ਅਤੇ II



ਸੂਜ਼ਨ ਬੇਲੀ
(Susan Bailey)

ELEVATION "Elevating Human Ability"

## ਸਟਾਫ ਪ੍ਰੋਫਾਈਲ - ਲੀਡ ਕਮਿਊਨਿਟੀ ਸਰਵਿਸਿਜ਼ ਸਪੈਸ਼ਲਿਸਟ ਜੇਸਨ ਸਕੈਂਟਲਬਰੀ



ਮੇਰਾ ਜਨਮ ਸੈਨ ਹੋਜ਼ੇ, ਕੈਲੀਫੋਰਨੀਆ ਵਿੱਚ ਹੋਇਆ ਸੀ ਪਰ ਮੇਰਾ ਪਾਲਣ-ਪੋਸ਼ਣ ਰੌਕਲਿਨ ਅਤੇ ਨਿਊਕੈਸਲ, ਕੈਲੀਫੋਰਨੀਆ ਵਿੱਚ ਹੋਇਆ। ਮੇਰੇ ਪਿਤਾ ਇੱਕ ਸਾਬਕਾ NBA ਬਾਸਕਟਬਾਲ ਖਿਡਾਰੀ ਸਨ ਜੋ ਇੱਕ ਸੇਲਜ਼ਮੈਨ ਵਜੋਂ ਕੰਮ ਕਰਦੇ ਸਨ ਅਤੇ ਮੇਰੀ ਮਾਂ ਇੱਕ ਸਾਬਕਾ ਮਾਡਲ ਸੀ ਜੋ ਕਿੰਡਰਗਾਰਟਨ ਅਧਿਆਪਕ ਵਜੋਂ ਕੰਮ ਕਰਦੀ ਸੀ। ਮੇਰੀ ਇੱਕ ਭੈਣ ਹੈ, ਜੋ 8 ਸਾਲ ਵੱਡੀ ਹੈ।

ਮੈਂ 2001 ਵਿੱਚ ਮਾਸ ਕਮਿਊਨੀਕੇਸ਼ਨ ਦੀ ਡਿਗਰੀ ਦੇ ਨਾਲ ਕਾਲਜ ਤੋਂ ਗ੍ਰੈਜੂਏਟ ਕੀਤਾ। ਮੈਂ ਆਪਣੇ ਕਰੀਅਰ ਦੀ ਸ਼ੁਰੂਆਤ ਗੰਭੀਰ ਭਾਵਨਾਤਮਕ ਤੌਰ 'ਤੇ ਪਰੇਸ਼ਾਨ ਕਿਸ਼ੋਰ ਲੜਕੀਆਂ ਲਈ ਇੱਕ ਲੈਵਲ 14 ਗਰੁੱਪ ਹੋਮ ਵਿੱਚ ਰਿਹਾਇਸ਼ੀ ਸ਼ਿਫਟ ਲੀਡਰ ਦੇ ਤੌਰ 'ਤੇ ਕੀਤੀ। ਦੋ ਸਾਲਾਂ ਬਾਅਦ ਮੈਂ ਦੋ ਸਾਲਾਂ ਲਈ ਕਿਸ਼ੋਰ ਲੜਕਿਆਂ ਲਈ ਲੈਵਲ 12 ਗਰੁੱਪ ਹੋਮ ਵਿੱਚ ਇੱਕ ਹਾਊਸ ਮੈਨੇਜਰ ਵਿੱਚ ਤਬਦੀਲ ਹੋ ਗਿਆ।

2005 ਵਿੱਚ, ਮੈਂ ICF/DDN ਘਰਾਂ ਦੇ ਐਡਮਿਨਸਿਟ੍ਰੇਟਰ ਦੇ ਤੌਰ 'ਤੇ ਅਪਾਹਜ ਬਾਲਗਾਂ ਨਾਲ ਕੰਮ ਕਰਕੇ ਆਪਣੇ ਕਰੀਅਰ ਦੀ ਸ਼ੁਰੂਆਤ ਕੀਤੀ। 6 ਸਾਲਾਂ ਬਾਅਦ ਮੈਂ 5 ਸਾਲਾਂ ਲਈ ਇੱਕ ਸਹਾਇਤਾ ਪ੍ਰਾਪਤ ਜੀਵਨ ਸੇਵਾਵਾਂ ਏਜੰਸੀ ਲਈ ਕਮਿਊਨਿਟੀ ਸਪੋਰਟ ਫੈਸੀਲੀਟੇਟਰ ਬਣ ਗਿਆ। ਅਲਟਾ ਰੀਜਨਲ ਸੈਂਟਰ ਵਿੱਚ ਮੇਰਾ ਕਰੀਅਰ 2016 ਵਿੱਚ ਸ਼ੁਰੂ ਹੋਇਆ ਸੀ। ਮੈਂ ਚਾਰ ਸਾਲਾਂ ਲਈ ਸੇਵਾ ਕੋਆਰਡੀਨੇਟਰ ਦੇ ਤੌਰ 'ਤੇ ਸ਼ੁਰੂਆਤ ਕੀਤੀ ਅਤੇ 2020 ਦੇ ਅਖੀਰ ਵਿੱਚ ਇੱਕ ਸਪੈਸ਼ਲਿਸਟ ਵਜੋਂ ਕਮਿਊਨਿਟੀ ਸਰਵਿਸਿਜ਼ ਵਿਭਾਗ ਵਿੱਚ ਤਬਦੀਲੀ ਹੋ ਗਿਆ। ਮੇਰਾ LEAD (ਲੀਡ) ਦਾ ਅਹੁਦਾ ਫਰਵਰੀ 2023 ਵਿੱਚ ਸ਼ੁਰੂ ਹੋਇਆ।

ਮੈਂ ਆਪਣੇ ਖਾਲੀ ਸਮੇਂ ਵਿੱਚ ਇੱਕ ਸਰਗਰਮ ਦੌੜਾਕ ਹਾਂ ਅਤੇ ਬੀਤੇ ਸਮੇਂ ਵਿੱਚ 12 ਮੈਰਾਥਨ ਪੂਰੀ ਕਰ ਚੁੱਕਾ ਹਾਂ। ਫਿਲਮਾਂ ਅਤੇ ਸੰਗੀਤ ਦੇ ਨਾਲ-ਨਾਲ ਪੌਪ ਸੱਭਿਆਚਾਰ ਹਮੇਸ਼ਾ ਇੱਕ ਜਨੂੰਨ ਰਹੇ ਹਨ। ਮੇਰੇ ਕੋਲ ਦੋ ਬਿੱਲੀਆਂ ਹਨ, ਲਾਨਾ ਅਤੇ ਲੋਲਾ।

## ਅਰਲਾਈਨ ਗੋਰਡਨ ਨੂੰ 90ਵਾਂ ਜਨਮਦਿਨ ਮੁਬਾਰਕ




ਅਰਲਾਈਨ ਨੇ 17 ਜੁਲਾਈ ਨੂੰ ਆਪਣਾ 90ਵਾਂ ਜਨਮਦਿਨ ਮਨਾਇਆ ਅਤੇ ਆਪਣੇ ਪਰਿਵਾਰ, ਦੋਸਤਾਂ ਅਤੇ Vivsiks Care Home (ਵਿਵਸਿਕਸ ਕੇਅਰ ਹੋਮ) ਦੀ ਮਦਦ ਨਾਲ, ਉਹਨਾਂ ਨੇ ਉਸੇ ਹਫਤੇ ਇੱਕ ਜਨਮਦਿਨ ਪਾਰਟੀ ਦੀ ਮੇਜ਼ਬਾਨੀ ਕੀਤੀ। ਅਰਲਾਈਨ ਚਾਹੁੰਦੀ ਸੀ ਕਿ ਉਸਦਾ ਥੀਮ ਬਟਰਫਲਾਈ ਅਤੇ ਪੇਸਟਲ ਰੰਗ ਦਾ ਹੋਵੇ ਕਿਉਂਕਿ ਉਹ ਮਿੱਠੀਆਂ ਅਤੇ ਪਿਆਰ ਕਰਨ ਵਾਲੀਆਂ ਚੀਜ਼ਾਂ ਨੂੰ ਪਸੰਦ ਕਰਦੀ ਹੈ। ਆਪਣੀ ਪਾਰਟੀ ਦੌਰਾਨ, ਉਸਨੇ ਆਈਸਕ੍ਰੀਮ ਕੇਕ ਅਤੇ ਸੁਆਦੀ ਭੋਜਨ ਦਾ ਅਨੰਦ ਲਿਆ। ਬਾਅਦ ਵਿੱਚ, ਸਾਰਿਆਂ ਨੇ ਇਕੱਠੇ ਹੋ ਕੇ ਤਸਵੀਰਾਂ ਬਣਾਈਆਂ ਅਤੇ ਕਰਾਓਕੇ ਗਾਇਆ।

ਅਰਲਾਈਨ ਦੀ ਉਮਰ ਵਿੱਚ ਉਸਦੀ ਸਿਹਤ ਦੀ ਕੁੰਜੀ ਹੈ ਇੱਕ ਸਕਾਰਾਤਮਕ ਰਵੱਈਆ ਰੱਖਣਾ, ਹਮੇਸ਼ਾਂ ਦਿਲ ਵਿੱਚ ਜਵਾਨ ਮਹਿਸੂਸ ਕਰਨਾ, ਅਤੇ ਪਿਛਲੇ 15 ਸਾਲਾਂ ਤੋਂ ਵਿਵਸਿਕਸ ਕੇਅਰ ਹੋਮ ਵਿੱਚ ਪ੍ਰਾਪਤ ਹੋਈ ਗੁਣਵੱਤਾ ਵਾਲੀ ਦੇਖਭਾਲ। ਉਹ ਕੇਅਰ ਹੋਮ ਦੀ ਖੁਸ਼ੀ ਹੈ ਅਤੇ ਉਸਦੇ ਆਲੇ-ਦੁਆਲੇ ਹੋਣ 'ਤੇ ਸਾਰੇ ਲੋਕ ਮੁਸਕੁਰਾਉਂਦੇ ਹਨ।

ਆਪਣੇ ਅਗਲੇ ਜਨਮਦਿਨ ਲਈ, ਅਰਲਾਈਨ ਇੱਕ ਨਵਾਂ ਪਹਿਰਾਵਾ ਅਤੇ ਡਿਜ਼ਨੀ ਰਾਜਕੁਮਾਰੀਆਂ ਅਤੇ ਮਿਕੀ ਮਾਊਸ ਦੀ ਵਿਸ਼ੇਸ਼ਤਾ ਵਾਲੀ ਇੱਕ ਡਿਜ਼ਨੀ ਥੀਮ ਵਾਲੀ ਪਾਰਟੀ ਚਾਹੁੰਦੀ ਹੈ। ਉਹ ਵਧੇਰੇ ਸੁੰਦਰ ਅਤੇ ਖੁਸ਼ਹਾਲ ਸਾਲਾਂ ਦੀ ਉਡੀਕ ਕਰ ਰਹੀ ਹੈ!

# ਸਮਰਥਿਤ ਫੈਸਲੇ ਲੈਣ ਬਾਰੇ
# ਅੱਪਡੇਟ ਰੋਬਿਨ ਬਲੈਕ ACRC
# ਲੀਗਲ ਸਰਵਿਸਿਜ਼ ਮੈਨੇਜਰ

ਪਿਛਲੀ ਪਤਝੜ, ਕੈਲੀਫੋਰਨੀਆ ਵਿਧਾਨ ਸਭਾ ਨੇ ਅਸਮਰਥਤਾ ਵਾਲੇ ਬਾਲਗਾਂ ਦੀ ਸਹਾਇਤਾ ਕਰਨ ਅਤੇ ਉਹਨਾਂ ਦੇ ਅਨੁਕੂਲ ਬਣਨ ਦੀ ਵਿਅਕਤੀਗਤ ਬਣਾਈ ਪ੍ਰਕਿਰਿਆ ਵਜੋਂ ਸਮਰਥਿਤ ਫੈਸਲੇ ਲੈਣ (SDM) ਨੂੰ ਪਰਿਭਾਸ਼ਿਤ ਕਰਨ ਲਈ ਨਵੇਂ ਕਾਨੂੰਨ (ਵੈਲਫੇਅਰ ਐਂਡ ਇੰਸਟੀਚਿਊਸ਼ਨਜ਼ ਕੋਡ ਸੈਕਸ਼ਨ 21000-21008) ਪਾਸ ਕੀਤੇ ਤਾਂ ਜੋ ਬਾਲਗ ਦੇ ਸਵੈ-ਨਿਰਣੇ ਵਿੱਚ ਰੁਕਾਵਟ ਦੇ ਬਿਨਾਂ ਉਹਨਾਂ ਨੂੰ ਜੀਵਨ ਦੇ ਫੈਸਲੇ ਲੈਣ ਦੇ ਸਮਰੱਥ ਬਣਾਇਆ ਜਾ ਸਕੇ। ਨਵੇਂ ਕਾਨੂੰਨਾਂ ਵਿੱਚ, ਰਾਜ ਦੀ ਵਿਧਾਨ ਸਭਾ ਨੇ ਸਵੀਕਾਰ ਕੀਤਾ ਕਿ "ਅਸਮਰਥਤਾਵਾਂ ਦੇ ਬਿਨਾਂ ਬਾਲਗਾਂ ਵਾਂਗ, ਅਸਮਰਥਤਾਵਾਂ ਵਾਲੇ ਬਾਲਗ ਆਪਣੇ ਖੁਦ ਦੇ ਫੈਸਲਿਆਂ ਨੂੰ ਸਮਝਣ, ਲੈਣ ਅਤੇ ਸੰਚਾਰ ਕਰਨ ਵਿੱਚ ਮਦਦ ਲਈ ਸਵੈ-ਇੱਛਤ ਸਹਾਇਤਾ ਦੀ ਇੱਕ ਵਿਸ਼ਾਲ ਸ਼੍ਰੇਣੀ ਦੀ ਵਰਤੋਂ ਕਰ ਸਕਦੇ ਹਨ।" ਕਾਨੂੰਨ ਮੰਗ ਕਰਦਾ ਹੈ ਕਿ SDM ਇਕਰਾਰਨਾਮੇ ਲਿਖਤੀ ਰੂਪ ਵਿੱਚ ਹੋਣ, ਅਸਮਰਥਤਾ ਵਾਲੇ ਵਿਅਕਤੀ ਲਈ ਪਹੁੰਚਯੋਗ ਹੋਣ, ਉਹਨਾਂ ਵਿੱਚ ਖਾਸ ਜਾਣਕਾਰੀ ਮੌਜੂਦ ਹੋਵੇ, ਅਤੇ ਖਾਸ ਕਾਨੂੰਨੀ ਲੋੜਾਂ ਨੂੰ ਪੂਰਾ ਕਰਦੇ ਹੋਣ।

ACRC ਸਾਡੇ ਗਾਹਕਾਂ ਲਈ ਫੈਸਲੇ ਲੈਣ ਵਿੱਚ ਆਪਣੀ ਪਸੰਦ ਅਤੇ ਸਵੈ-ਨਿਰਣੇ ਨੂੰ ਵਧਾਉਣ ਦੇ ਇਸ ਨਵੇਂ ਮੌਕੇ ਬਾਰੇ ਬਹੁਤ ਉਤਸ਼ਾਹਿਤ ਹੈ। ਇਹ ਅਹਿਸਾਸ ਕਰਦੇ ਹੋਏ ਕਿ ਖਾਸ ਤੌਰ 'ਤੇ ਕੈਲੀਫੋਰਨੀਆ ਦੀਆਂ ਲੋੜਾਂ ਨਾਲ ਸੰਬੰਧਿਤ ਕੋਈ ਸਰੋਤ ਜਾਂ ਸਿਖਲਾਈ ਸਮੱਗਰੀ ਮੌਜੂਦ ਨਹੀਂ ਹੈ, ਅਤੇ ਇਸ ਮੌਕੇ ਨੂੰ ਆਪਣੇ ਗਾਹਕਾਂ ਲਈ ਪਹੁੰਚਯੋਗ ਬਣਾਉਣ ਦੀ ਇੱਛਾ ਰੱਖਦੇ ਹੋਏ, ACRC ਨੇ ਪਿਛਲੇ ਬਸੰਤ ਵਿੱਚ SDM ਨੂੰ ਵਿਕਸਤ ਕਰਨ ਅਤੇ ਇਸ ਬਾਰੇ ਸਿਖਲਾਈ ਪ੍ਰਦਾਨ ਕਰਨ ਵਿੱਚ ਮਦਦ ਕਰਨ ਲਈ ਇੱਕ SDM ਸਿਖਲਾਈ ਵਰਕਗਰੁੱਪ ਆਯੋਜਿਤ ਕੀਤਾ। ਵਰਕਗਰੁੱਪ ਵਿੱਚ ACRC ਦੀ ਕਲਾਇੰਟ ਸਲਾਹਕਾਰ ਕਮੇਟੀ ਤੋਂ ਇਸਦੇ ਕਲਾਇੰਟ, ਸਟੇਟ ਕਾਉਂਸਿਲ ਔਫ਼ ਡਿਵੈਲਪਮੈਂਟਲ ਡਿਸਏਬਿਲਿਟੀਜ਼ ਦੇ ਨੁਮਾਇੰਦੇ, ACRC ਦੇ ਕਲਾਇੰਟ ਐਡਵੋਕੇਟ, ਨਾਲ ਹੀ ACRC ਦੇ ਸਿਖਲਾਈ ਅਤੇ ਕਾਨੂੰਨੀ ਵਿਭਾਗਾਂ ਅਤੇ ਐਕਜ਼ੀਕਿਊਟਿਵ ਮੈਨੇਜਮੈਂਟ ਦੇ ਮੈਂਬਰ ਸ਼ਾਮਲ ਹਨ।

ਮੌਜੂਦਾ SDM ਸਰੋਤਾਂ ਅਤੇ ਸਿਖਲਾਈ ਸਮੱਗਰੀਆਂ ਦੀ ਪਛਾਣ ਕਰਨ ਅਤੇ ਉਹਨਾਂ ਨੂੰ ਕੈਲੀਫੋਰਨੀਆ ਦੀਆਂ ਖਾਸ SDM ਲੋੜਾਂ ਨੂੰ ਪੂਰਾ ਕਰਨ ਵਾਸਤੇ ਵਰਤਣ ਲਈ ਅਨੁਕੂਲ ਬਣਾਉਣ ਲਈ ਵਰਕਗਰੁੱਪ ਮਈ 2023 ਤੋਂ ਮਹੀਨਾਵਾਰ ਅਧਾਰ 'ਤੇ ਮੀਟਿੰਗ ਕਰ ਰਿਹਾ ਹੈ। ਇੱਕ ਵਾਰ ਸਿਖਲਾਈ ਸਮੱਗਰੀ ਨੂੰ ਅਨੁਕੂਲਿਤ ਕਰ ਲਏ ਜਾਣ ਤੋਂ ਬਾਅਦ, ਵਰਕਗਰੁੱਪ ਗਾਹਕਾਂ ਅਤੇ ਉਹਨਾਂ ਦੇ ਪਰਿਵਾਰਾਂ, ਅਤੇ ਨਾਲ ਹੀ ACRC ਸਟਾਫ਼ ਅਤੇ ਕਮਿਊਨਿਟੀ ਮੈਂਬਰਾਂ ਨੂੰ SDM ਵਿੱਚ ਨਿਯਮਿਤ ਸਿਖਲਾਈ ਨਿਰਧਾਰਤ ਕਰਨ ਅਤੇ ਪ੍ਰਦਾਨ ਕਰਨ ਲਈ ਕੰਮ ਕਰੇਗਾ, ਜੋ ਕਿ ਹਰ ਕਿਸੇ ਦੀਆਂ ਲੋੜਾਂ ਨੂੰ ਵਧੀਆ ਢੰਗ ਨਾਲ ਪੂਰਾ ਕਰਨ ਲਈ ਕਈ ਵੱਖ-ਵੱਖ ਫਾਰਮੈਟਾਂ ਵਿੱਚ,ਹੋਵੇਗੀ।

## ਸਿਏਰਾ ਕਾਲਜ ਪ੍ਰੋਵਾਈਡਰ ਜੌਬ ਮੇਲੇ ਦੀ ਮੇਜ਼ਬਾਨੀ ਕਰੇਗਾ

2023 ਦੇ ਸ਼ੁਰੂ ਵਿੱਚ ACRC ਨੇ ਖੇਤਰੀ ਕੇਂਦਰ ਸੇਵਾ ਪ੍ਰਦਾਤਾਵਾਂ ਦੀਆਂ ਭਰਤੀ ਦੀਆਂ ਲੋੜਾਂ ਦਾ ਸਮਰਥਨ ਕਰਨ ਦੇ ਉਦੇਸ਼ਾਂ ਲਈ DSP Collaborative ਵਿਕਸਤ ਕਰਨ ਲਈ VMRC ਨਾਲ ਭਾਈਵਾਲੀ ਕੀਤੀ। ਅਸੀਂ ਇੱਕ ਵੈੱਬਸਾਈਟ dspcollaborative.org ਬਣਾਈ ਹੈ ਅਤੇ ਖੇਤਰੀ ਕੇਂਦਰ ਸੇਵਾ ਪ੍ਰਦਾਤਾ ਨਾਲ ਸੰਬੰਧਿਤ ਨੌਕਰੀ ਮੇਲੇ ਆਯੋਜਿਤ ਕਰਨੇ ਸ਼ੁਰੂ ਕਰ ਦਿੱਤੇ ਹਨ। ਜਿਵੇਂ-ਜਿਵੇਂ ਅਸੀਂ ਇਹਨਾਂ ਕੋਸ਼ਿਸ਼ਾਂ ਨੂੰ ਜਾਰੀ ਰੱਖਦੇ ਹਾਂ, ਸਾਨੂੰ ਇਹ ਐਲਾਨ ਕਰਨ ਵਿੱਚ ਖੁਸ਼ੀ ਹੋ ਰਹੀ ਹੈ ਕਿ, **ਸੀਏਰਾ ਕਾਲਜ 7 ਨਵੰਬਰ, 2023 ਨੂੰ ਸਵੇਰੇ 10 ਵਜੇ ਤੋਂ 2 ਵਜੇ ਤੱਕ ਖੇਤਰੀ ਕੇਂਦਰ ਸੇਵਾ ਪ੍ਰਦਾਤਾਵਾਂ ਲਈ ਇੱਕ ਨੌਕਰੀ ਮੇਲੇ ਦੀ ਮੇਜ਼ਬਾਨੀ ਕਰੇਗਾ।** ਸਮਾਗਮ ਮੁੱਖ ਕੈਂਪਸ 5100 Sierra College Blvd Rocklin, CA 95677 ਵਿਖੇ ਕੈਫੇਟੇਰੀਆ ਵਿੱਚ ਆਯੋਜਿਤ ਕੀਤਾ ਜਾਵੇਗਾ। ਤੁਸੀਂ https://www.altaregional.org/events-calendar 'ਤੇ ਸਾਡੇ ਇਵੈਂਟ ਕੈਲੰਡਰ ਨੂੰ ਦੇਖ ਕੇ ACRC ਇਵੈਂਟਾਂ ਬਾਰੇ ਤਾਜ਼ਾ ਜਾਣਕਾਰੀ ਲੈ ਸਕਦੇ ਹੋ। ਤੁਸੀਂ dspcollaborative.org 'ਤੇ ਵੀ ਜਾ ਸਕਦੇ ਹੋ।

SIERRA COLLEGE

DSP COLLABORATIVE



# ਕਲਾਇੰਟ ਸਪੌਟਲਾਈਟ - ਲੈਸਲੀ



ਲੈਸਲੀ ਬੇਰੋਜ਼ਗਾਰ ਹੋਣ ਬਾਰੇ ਨਿਰਾਸ਼ ਸੀ ਪਰ ਸੋਚਦੀ ਕਿ ਉਸ ਲਈ ਵਧੀਆ ਨੌਕਰੀ ਮੌਜੂਦ ਹੈ, ਅਤੇ ਪਾਲਤੂ ਜਾਨਵਰਾਂ ਦੇ ਮਾਲਕਾਂ ਲਈ ਪਾਲਤੂ ਜਾਨਵਰਾਂ ਦੀ ਦੇਖਭਾਲ ਕਰਨ ਵਾਲੇ ਬਾਰੇ ਇੱਕ ਪਲੇਟਫਾਰਮ, ਰੋਵਰ ਨਾਲ ਇਸਦੀ ਸ਼ੁਰੂਆਤ ਹੋਈ। ਉਹ ਜਾਨਵਰਾਂ ਦੀ ਦੇਖਭਾਲ ਕਰਨ ਬਾਰੇ ਭਾਵੁਕ ਹੈ ਅਤੇ ਜਾਣਦੀ ਸੀ ਕਿ ਉਹ ਪਾਲਤੂ ਜਾਨਵਰਾਂ ਦੀ ਦੇਖਭਾਲ ਕਰਨ ਵਿੱਚ ਸ਼ਾਨਦਾਰ ਕੰਮ ਕਰ ਸਕਦੀ ਹੈ। ਪ੍ਰੇਰਿਤ ਹੋ ਕੇ, ਲੈਸਲੀ ਨੇ ਇੱਕ ਪ੍ਰੋਫਾਈਲ ਬਣਾਇਆ ਅਤੇ 2018 ਵਿੱਚ ਉਸਨੂੰ ਉਸਦਾ ਪਹਿਲਾ ਗਾਹਕ ਮਿਲਿਆ। ਉਸ ਨੂੰ ਸਕਾਰਾਤਮਕ ਸਮੀਖਿਆ ਮਿਲੀ ਅਤੇ ਫਿਰ ਗਾਹਕ ਆਉਂਦੇ ਰਹੇ।

ਇੱਕ ਕਾਰੋਬਾਰ ਬਣਾਉਣ ਵਿੱਚ ਬਹੁਤ ਸਾਰਾ ਸਮਾਂ ਅਤੇ ਪੈਸੇ ਦਾ ਪ੍ਰਬੰਧਨ ਲੱਗਦਾ ਹੈ ਇਸ ਲਈ ਲੈਸਲੀ ਨੇ ਇਨ ਅਲਾਇੰਸ (In Alliance) ਦੀ ਮਦਦ ਮੰਗੀ, ਇੱਕ ਪ੍ਰੋਗਰਾਮ ਜਿਸ ਨੂੰ ਖੇਤਰੀ ਕੇਂਦਰ ਦੁਆਰਾ ਫੰਡ ਦਿੱਤਾ ਜਾਂਦਾ ਹੈ ਅਤੇ ਜੋ ਕੰਮ ਅਤੇ ਜੀਵਨ ਦੇ ਹੁਨਰ ਵਿਕਸਿਤ ਕਰਨ ਵਿੱਚ ਗਾਹਕਾਂ ਦੀ ਮਦਦ ਕਰਦਾ ਹੈ। ਆਪਣੇ ਪ੍ਰੋਗਰਾਮ ਦੀ ਸਹਾਇਤਾ ਨਾਲ, ਲੈਸਲੀ ਨੇ ਆਪਣਾ ਕਾਰੋਬਾਰ ਸ਼ੁਰੂ ਕੀਤਾ ਅਤੇ ਹੁਣ ਪੂਰਾ ਸਮਾਂ ਇੱਕ ਪਾਲਤੂ ਜਾਨਵਰ ਦੇ ਦੇਖਭਾਲ ਕਰਤਾ ਦੇ ਤੌਰ 'ਤੇ ਕੰਮ ਕਰਦੀ ਹੈ। ਉਹ ਬਲੂ ਹੇਰੋਨ ਪ੍ਰੋਗਰਾਮਾਂ ਦੇ ਨਾਲ ਇੱਕ ਫੈਸਿਲੀਟੇਟਰ ਤੋਂ ਸਹਾਇਤਾ ਪ੍ਰਾਪਤ ਕਰਨ ਵਿੱਚ ਤਬਦੀਲ ਹੋ ਗਈ, ਜੋ ਕਿ ਲੇਸਲੀ ਦੀਆਂ ਲੋੜਾਂ ਅਤੇ ਨਿਸ਼ਚਿਤ ਟੀਚਿਆਂ ਦੇ ਅਧਾਰ 'ਤੇ ਵਿੱਤ ਦਾ ਪ੍ਰਬੰਧਨ ਕਰਨ ਵਿੱਚ ਉਸਦੀ ਮਦਦ ਕਰਦਾ ਹੈ। ਇਹਨਾਂ ਪ੍ਰੋਗਰਾਮਾਂ ਵਿੱਚ ਉਸਦੀ ਸਫਲਤਾ ਸਪੱਸ਼ਟ ਹੈ ਕਿਉਂਕਿ ਜੁਲਾਈ ਵਿੱਚ, ਉਸਨੂੰ ਬਲੂ ਹੇਰਨ ਤੋਂ ਮਹੀਨੇ ਦੇ ਬਿਹਤਰੀਨ ਕਰਮਚਾਰੀ ਦਾ ਪੁਰਸਕਾਰ ਮਿਲਿਆ!

ਉਹ ਜਾਨਵਰਾਂ ਦੀ ਦੇਖਭਾਲ ਕਰਨ ਦੇ ਆਪਣੇ ਜਨੂੰਨ ਦਾ ਸਿਹਰਾ ਆਪਣੇ ਕੁੱਤਿਆਂ, ਗੋਰਜੀਅਸ, ਜੋ 13 ਸਾਲਾਂ ਤੋਂ ਉਸਦੇ ਨਾਲ ਹੈ, ਅਤੇ ਹੈਂਡਸਮ ਨੂੰ ਦਿੰਦੀ ਹੈ, ਜਿਸਦੀ ਮਹਾਂਮਾਰੀ ਦੌਰਾਨ ਮੌਤ ਹੋ ਗਈ ਸੀ। ਲੈਸਲੀ ਗੋਰਜੀਅਸ ਨੂੰ ਕਿਵੇਂ ਮਿਲੀ ਇਹ ਕਹਾਣੀ ਦੋਵਾਂ ਲਈ ਮਹੱਤਵਪੂਰਨ ਹੈ। ਲੈਸਲੀ ਨੇ ਉਸਨੂੰ ਇੱਕ ਕ੍ਰੈਗਲਿਸਟ ਵਿਗਿਆਪਨ ਵਿੱਚ ਦੇਖਿਆ ਜਿਸ ਵਿੱਚ ਕਿਹਾ ਗਿਆ ਸੀ ਕਿ ਸ਼ੈਲਟਰ ਵਿੱਚ ਭੇਜੇ ਜਾਣ ਤੋਂ ਪਹਿਲਾਂ ਕੁੱਤੇ ਨੂੰ ਗੋਦ ਲੈ ਲਿਆ ਜਾਵੇ। ਸਿਰਫ ਤਸਵੀਰਾਂ ਦੇ ਆਧਾਰ 'ਤੇ ਹੀ ਤੁਰੰਤ ਕੁੱਤੇ ਬਾਰੇ ਮੋਹਿਤ ਹੋ ਕੇ, ਲੈਸਲੀ ਨੇ ਵਿਗਿਆਪਨ ਵਿਚ ਸੂਚੀਬੱਧ ਨੰਬਰ 'ਤੇ ਕਾਲ ਕੀਤਾ ਅਤੇ ਬਦਕਿਸਮਤੀ ਨਾਲ ਤੁਰੰਤ ਨਕਾਰ ਦਿੱਤਾ ਗਿਆ ਕਿਉਂਕਿ ਉਹਨਾਂ ਦਾ ਮੰਨਣਾ ਸੀ ਕਿ ਲੈਸਲੀ ਉਹਨਾਂ ਦਾ ਮਜ਼ਾਕ ਉਡਾ ਰਹੀ ਸੀ ਕਿਉਂਕਿ ਕੁੱਤੇ ਦੀਆਂ ਤਿੰਨ ਲੱਤਾਂ ਹਨ।

ਹਾਲਾਂਕਿ, ਲੈਸਲੀ ਜ਼ਿੱਦੀ ਹੈ ਅਤੇ ਉਸਨੇ ਸੀਮਾਵਾਂ ਅਤੇ ਸੰਚਾਰ ਦੇ ਪ੍ਰੋਗਰਾਮਾਂ ਤੋਂ ਪ੍ਰਾਪਤ ਕੀਤੇ ਗਿਆਨ ਦੀ ਵਰਤੋਂ ਕੀਤੀ ਅਤੇ ਨੰਬਰ 'ਤੇ ਦੁਬਾਰਾ ਕਾੱਲ ਕਰਨ ਦੀ ਕੋਸ਼ਿਸ਼ ਕੀਤੀ। ਉਸ ਦੀ ਜ਼ਿੱਦ ਦਾ ਨਤੀਜਾ ਨਿਕਲਿਆ ਅਤੇ ਗੋਰਜੀਅਸ ਪਰਿਵਾਰ ਦਾ ਹਿੱਸਾ ਬਣ ਗਿਆ।

ਪਾਲਤੂ ਜਾਨਵਰਾਂ ਦੀ ਦੇਖਭਾਲ ਕਰਨ ਵਿੱਚ ਲੈਸਲੀ ਨੂੰ ਖੁਸ਼ੀ ਮਿਲਦੀ ਹੈ, ਅਤੇ ਉਹ ਆਪਣੇ ਖੁਦ ਦੇ ਬੌਸ ਹੋਣ ਅਤੇ ਆਪਣੇ ਗਾਹਕਾਂ ਬਾਰੇ ਫੈਸਲਾ ਕਰਨ ਦਾ ਅਨੰਦ ਮਾਣਦੀ ਹੈ। ਉਸ ਦਾ ਜਨੂੰਨ ਇੱਕ ਹੋਰ ਵਾਰ ਦੇ ਪੱਧਰ 'ਤੇ ਆਧਾਰਿਤ ਹੈ। ਉਸਨੇ ਕਿਹਾ ਕਿ ਉਹ ਕੁੱਤੇ ਨੂੰ ਗੋਦ ਲੈਣ ਲਈ ਗੰਭੀਰ ਸੀ, ਅਤੇ ਇਹ ਕਿ ਉਹ ਉਹਨਾਂ ਦਾ ਮਜ਼ਾਕ ਨਹੀਂ ਉਡਾ ਰਹੀ ਸੀ ਅਤੇ ਸੱਚਮੁੱਚ ਹਰ ਉਸ ਚੀਜ਼ ਨੂੰ ਪਿਆਰ ਕਰਦੀ ਹੈ ਜੋ ਗੋਰਜੀਅਸ ਨੂੰ ਵਿਲੱਖਣ ਬਣਾਉਂਦੀ ਹੈ। ਲੈਸਲੀ ਹਰ ਜਾਨਵਰ ਦੀ ਡੂੰਘਾਈ ਨਾਲ ਦੇਖਭਾਲ ਕਰਦੀ ਹੈ ਜਿਸਦੀ ਉਹ ਦੇਖਭਾਲਕਰਤਾ ਬਣਦੀ ਹੈ। ਇਹ ਉਸ ਨੂੰ ਪ੍ਰਾਪਤ ਹੋਈਆਂ ਬਹੁਤ ਸਾਰੀਆਂ ਸਕਾਰਾਤਮਕ ਸਮੀਖਿਆਵਾਂ ਦੁਆਰਾ ਸਾਬਤ ਹੁੰਦਾ ਹੈ। ਜੇ ਤੁਸੀਂ ਪਾਲਤੂ ਜਾਨਵਰਾਂ ਦੀ ਦੇਖਭਾਲ ਕਰਨ ਦੀਆਂ ਸੇਵਾਵਾਂ ਲਈ ਉਸ ਨੂੰ ਨੌਕਰੀ 'ਤੇ ਰੱਖਣ ਵਿੱਚ ਦਿਲਚਸਪੀ ਰੱਖਦੇ ਹੋ, ਤਾਂ ਤੁਸੀਂ ਉਸ ਨਾਲ ਸਿੱਧਾ (916) 755-2724 'ਤੇ ਸੰਪਰਕ ਕਰ ਸਕਦੇ ਹੋ।



# ਕਮਿਊਨਿਟੀ ਆਊਟਰੀਚ ACRC
# ਆਗਾਮੀ ਸਮਾਗਮਾਂ ਦਾ ਕੈਲੰਡਰ

ਕੀ ਤੁਸੀਂ ਜਾਣਦੇ ਹੋ ਕਿ ACRC ਦਾ ਸਾਡਾ ਆਪਣਾ ਔਨਲਾਈਨ ਈਵੈਂਟ ਕੈਲੰਡਰ ਹੈ? https://www.altaregional.org/calendar

ਇਹ ਪਤਾ ਲਗਾਉਣ ਦਾ ਇੱਕ ਵਧੀਆ ਮੌਕਾ ਹੈ ਕਿ ACRC ਸਟਾਫ਼ ਤੁਹਾਡੇ ਭਾਈਚਾਰੇ ਵਿੱਚ ਆਊਟਰੀਚ ਗਤੀਵਿਧੀਆਂ ਕਦੋਂ ਕਰਵਾਏਗਾ।

ਤੁਸੀਂ ਸਾਡੇ ਸੋਸ਼ਲ ਮੀਡੀਆ ਪੰਨਿਆਂ 'ਤੇ ਉਹਨਾਂ ਸਮਾਗਮਾਂ ਦੀਆਂ ਤਸਵੀਰਾਂ ਲੱਭ ਸਕਦੇ ਹੋ ਜਿਨ੍ਹਾਂ ਵਿੱਚ ਅਸੀਂ ਸ਼ਾਮਲ ਹੋਏ ਸੀ।
https://www.facebook.com/altacaliforniaRC/
https://www.instagram.com/altacal_rc/
https://twitter.com/AltaCal_RC






















# ਸਮਰਥਿਤ ਜੀਵਨ ਕਾਨਫਰੰਸ 2023




ਇਸ ਸਾਲ ਦੀ ਸਮਰਥਿਤ ਜੀਵਨ ਕਾਨਫਰੰਸ ਕਰਮਚਾਰੀਆਂ ਦੀ ਭਰਤੀ ਵਿੱਚ ਚੁਣੌਤੀਆਂ ਨੂੰ ਹੱਲ ਕਰਨ ਲਈ DSP Collaborative, VMRC ਅਤੇ ਸਾਡੇ ਸੇਵਾ ਪ੍ਰਦਾਤਾਵਾਂ ਨਾਲ ACRC ਦੀ ਭਾਈਵਾਲੀ ਨੂੰ ਉਜਾਗਰ ਕਰੇਗੀ। ਇਸ ਤੋਂ ਇਲਾਵਾ, ACRC ਦੇ ਕਮਿਊਨਿਟੀ ਸਰਵਿਸਿਜ਼ ਦੇ ਡਾਇਰੈਕਟਰ, ਜੌਨ ਡੇਕਰ (John Decker) ਪਰਿਵਾਰਕ ਭਾਈਵਾਲੀ ਰਾਹੀਂ ਕਮਿਊਨਿਟੀ ਹਾਊਸਿੰਗ ਐਡਵੋਕੇਸੀ ਨੂੰ ਮਜ਼ਬੂਤ ਕਰਨ 'ਤੇ ਡਿਸਏਬਿਲਟੀ ਹਾਊਸਿੰਗ ਅਲਾਇੰਸ ਦੇ ਮੈਂਬਰਾਂ ਨੂੰ ਮਿਲ ਰਹੇ ਹਨ।

ਸਪੋਰਟਡ ਲਾਈਫ ਇੰਸਟੀਚਿਊਟ ਦੇ ਨਾਲ ਦਾਨਾ ਅਤੇ ਐਂਡੀ ਫਲੇਟੀ ਤੋਂ:

ਅਸੀਂ ਕਿਵੇਂ ਉੱਚ ਗੁਣਵੱਤਾ ਵਾਲੀਆਂ ਸੇਵਾਵਾਂ ਪ੍ਰਦਾਨ ਕਰ ਸਕਦੇ ਹਾਂ ਅਤੇ ਆਪਣਾ ਸਭ ਤੋਂ ਵਧੀਆ ਕੰਮ ਕਿਵੇਂ ਕਰ ਸਕਦੇ ਹਾਂ ਤਾਂ ਜੋ ਅੱਜਕੱਲ੍ਹ ਭਾਈਚਾਰੇ ਵਿੱਚ ਸਵੈ-ਐਡਵੋਕੇਟਾਂ ਦੀ ਕਾਮਯਾਬ ਹੋਣ ਅਤੇ ਵਧਣ-ਫੁੱਲਣ ਵਿੱਚ ਮਦਦ ਕਰਨ ਕੀਤੀ ਜਾ ਸਕੇ?
ਇਹੀ ਹੈ ਜੋ ਅਸੀਂ ਉਮੀਦ ਕਰਦੇ ਹਾਂ ਕਿ ਲੋਕ ਇਸ "ਇੱਕ ਸੰਮਿਲਿਤ ਸੈਟਿੰਗ ਦੇ ਨਾਲ ਪੇਸ਼ੇਵਰ ਕਾਨਫਰੰਸ" - ਸਮਰਥਿਤ ਜੀਵਨ ਕਾਨਫਰੰਸ ਵਿੱਚ ਸਿੱਖਣਗੇ।

ਸਪੋਰਟਡ ਲਾਈਫ ਇੰਸਟੀਚਿਊਟ ਦੀ 37ਵੀਂ ਸਲਾਨਾ ਫਾਲ ਕਾਨਫਰੰਸ ਇੱਕ 2-ਦਿਨ ਦੀ ਵਿਅਕਤੀਗਤ ਤੌਰ 'ਤੇ ਸ਼ਾਮਲ ਹੋਣ ਵਾਲਾ ਸਮਾਗਮ ਹੈ, ਜੋ 26 - 27 ਅਕਤੂਬਰ, 2023 ਨੂੰ ਵਿੰਡਹੈਮ ਸੈਕਰਾਮੈਂਟੋ ਹੋਟਲ ਵਿੱਚ ਆਯੋਜਿਤ ਕੀਤਾ ਜਾਵੇਗਾ।

ਮਈ ਕਾਨਫਰੰਸ ਦੇ ਵਾਂਗ ਨਾ ਹੋ ਕੇ, ਜੋ ਕਿ ਇੱਕ ਸਵੈ-ਵਕਾਲਤ ਪੀਅਰ-ਸਿਖਲਾਈ ਕਾਨਫਰੰਸ ਹੈ ਜੋ ਜਿਆਦਾਤਰ ਸਵੈ-ਐਡਵੋਕੇਟਾਂ ਲਈ ਹੈ। ਇਹ ਅਕਤੂਬਰ ਕਾਨਫਰੰਸ ਸੇਵਾ ਏਜੰਸੀਆਂ ਵਿਚਲੇ ਪੇਸ਼ੇਵਰਾਂ ਲਈ ਤਿਆਰ ਕੀਤੀ ਗਈ ਹੈ ਜੋ ਲੋਕਾਂ, ਰੀਜਨਲ ਸੈਂਟਰ ਦੇ ਸਟਾਫ, ਪਰਿਵਾਰਕ ਮੈਂਬਰਾਂ, ਅਤੇ ਸਰਕਾਰੀ ਏਜੰਸੀਆਂ ਜਿਵੇਂ ਕਿ DDS ਅਤੇ ਪੁਨਰਵਾਸ ਵਿਭਾਗ ਦੇ ਸਟਾਫ ਦਾ ਸਮਰਥਨ ਕਰਦੇ ਹਨ।

ਏਜੰਸੀ ਦਾ ਸਟਾਫ ਉਹਨਾਂ ਲੋਕਾਂ ਲਈ, ਜਿਨ੍ਹਾਂ ਨੂੰ ਉਹ ਸੇਵਾ ਦਿੰਦੇ ਹਨ, ਸ਼ਮੂਲੀਅਤ ਬਣਾਉਣ ਅਤੇ ਉਸਦਾ ਸਮਰਥਨ ਕਰਨ ਬਾਰੇ ਵਿਹਾਰਕ ਸਿਖਲਾਈ ਲੈਂਦਾ ਹੈ।

ਅੱਜ ਖੇਤਰ ਦੇ ਮੁੱਖ ਵਿਸ਼ਿਆਂ ਵਿੱਚ ਸ਼ਾਮਲ ਹਨ ਪਹੁੰਚਯੋਗ ਰਿਹਾਇਸ਼; ਕਮਿਊਨਿਟੀ ਵਿੱਚ ਚੰਗੀਆਂ ਨੌਕਰੀਆਂ; "HCBS" ਨਿਯਮਾਂ ਵਿੱਚ ਤਬਦੀਲ ਹੋਣ ਵਿੱਚ ਏਜੰਸੀਆਂ ਦੀ ਮਦਦ ਕਰਨਾ; ਕੰਮ 'ਤੇ ਰੱਖਣ ਲਈ ਚੰਗੇ ਲੋਕਾਂ ਨੂੰ ਲੱਭਣ ਦੇ ਨਵੇਂ ਸਿਰਜਣਾਤਮਕ ਤਰੀਕੇ; ਅਤੇ ਹੋਰ ਬਹੁਤ ਕੁਝ, ਚੁਣਨ ਲਈ 4 ਕੀਨੋਟਸ, 31 ਸੈਸ਼ਨ, ਅਤੇ 8 ਤੋਂ ਵੱਧ ਵਿਸ਼ਾ ਖੇਤਰਾਂ ਦੇ ਨਾਲ, ਹਰ ਕਿਸੇ ਲਈ ਸਿੱਖਣ ਲਈ ਬਹੁਤ ਕੁਝ ਹੈ।

ਵੇਰਵੇ: www.supportedlife.org

## ਡਿਸਏਬਿਲਿਟੀ ਹਾਊਸਿੰਗ ਅਲਾਇੰਸ

ਡਿਸਏਬਿਲਟੀ ਹਾਊਸਿੰਗ ਅਲਾਇੰਸ ਬਾਰੇ ਹੋਰ ਜਾਣਨ ਲਈ ਕਿਰਪਾ ਕਰਕੇ disabilityhousingalliance.org 'ਤੇ ਜਾਓ।

## ਸਰੋਤ ਵਿਕਾਸ ਬਾਰੇ ਅੱਪਡੇਟ/ਹਾਲੇ ਵੀ ਅੱਪਡੇਟ ਕਰਨ ਦੀ ਲੋੜ ਹੈ

ਪਿਛਲੀ ਤਿਮਾਹੀ ਵਿੱਚ ਸੋਮਿਆਂ ਵਿੱਚ ਤਬਦੀਲੀਆਂ

### ਨਵੇਂ ਸੇਵਾ ਪ੍ਰਦਾਤਾ

**ਕਮਿਊਨਿਟੀ ਏਕੀਕਰਣ ਪ੍ਰੋਗਰਾਮ**
California Resource Services for Independent Living

**ਸ਼ੁਰੂਆਤੀ ਔਟਿਜ਼ਮ ਇਲਾਜ**
Learning Solutions Kids, Inc.

**ਸਪੀਚ ਪੈਥੋਲੋਜੀ**
Victoria Faszer, SLP

**ਮਨੋਵਿਗਿਆਨੀ**
Deep Insight Psychology, Inc.

**ਸਹਾਇਤਾ ਪ੍ਰਾਪਤ ਜੀਵਨ ਸੇਵਾਵਾਂ**
Connections People Services, LLC
Vinyard Supported Living Services
Good Life SLS, LLC

**ਰਿਹਾਇਸ਼ੀ ਦੇਖਭਾਲ ਹੋਮ**
Celestial Care Adult Facility, LLC
Padua Care Home
Abounding Peace III Elderly Care
Villas One Inc.

**ਟ੍ਰਾਂਸਪੋਰਟੇਸ਼ਨ ਬ੍ਰੋਕਰ**
R&D Transportation

### ਕਲੋਜ਼ਡ ਸੇਵਾਵਾਂ ਦੇ ਪ੍ਰਦਾਤਾ

**ਆਕਿਉਪੇਸ਼ਨਲ ਥੇਰੇਪੀ**
Family Pediatric Therapy Services
Perfect Harmony Occupational Therapy
Sky Break Therapy LLC

**ਰਿਹਾਇਸ਼ੀ ਦੇਖਭਾਲ ਹੋਮ**
Tate Family Care

**ਕਾਉਂਸਲਿੰਗ ਸੇਵਾਵਾਂ**
Deni Deutsch Marshall

## ਫੀਚਰਡ ਕਲਾਕਾਰ ਦੀ ਪ੍ਰੋਫਾਈਲ - ਸਟੈਫਨੀ ਡਾਰਡਨ

ਸਟੈਫਨੀ ਚੰਗੀਆਂ ਵਾਈਬਸ, ਰਚਨਾਤਮਕਤਾ ਅਤੇ ਆਸ਼ਾਵਾਦੀ ਭਾਵਨਾ ਦਾ ਇੱਕ ਫੁਹਾਰਾ ਹੈ। ਉਸਦੀ ਕਲਾਕਾਰੀ ਜ਼ੂਆਲੋਜੀ ਫੀਲਡ ਨੋਟਸ ਅਤੇ ਗਲੈਮਰਸ ਕਲਪਨਾ ਦਾ ਜੰਕਸ਼ਨ ਦਰਸਾਉਂਦੀ ਹੈ। ਸਟੈਫਨੀ ਕੋਲ ਕੰਮ ਦਾ ਇੱਕ ਸ਼ਾਨਦਾਰ ਸੰਗ੍ਰਹਿ ਹੈ ਅਤੇ 2015 ਤੋਂ ਇੱਥੇ NCA ਵਿੱਚ ਆਪਣੇ ਸਾਥੀਆਂ ਪ੍ਰਤੀ ਦਿਆਲਤਾ ਦੀ ਇੱਕ ਵਧੀਆ ਉਦਾਹਰਨ ਪ੍ਰਦਰਸ਼ਿਤ ਕਰਦੀ ਹੈ। ਸਟੈਫਨੀ ਦੋ-ਭਾਸ਼ੀ ਹੈ ਅਤੇ ਉਸਦੇ 7 ਭੈਣ-ਭਰਾ ਹਨ। ਉਸਨੂੰ ਸੁਪਰ ਹੀਰੋ, ਜਾਨਵਰ ਅਤੇ ਕਾਮਿਕ ਕਿਤਾਬਾਂ ਪਸੰਦ ਹਨ। ਸਟੈਫਨੀ ਰਚਨਾਤਮਕ ਹੋਣ ਦਾ ਅਨੰਦ ਲੈਂਦੀ ਹੈ, ਆਪਣੀਆਂ ਮੁਰਗੀਆਂ (ਕੋਕਨਟ ਅਤੇ ਪੇਪਰ) ਦੀ ਦੇਖਭਾਲ ਕਰਦੀ ਹੈ ਅਤੇ ਇੱਕ ਦਿਨ ਡਾਲਫਿਨ ਦੇ ਨਾਲ ਤੈਰਾਕੀ ਕਰਨ ਦੀ ਉਮੀਦ ਕਰਦੀ ਹੈ।



ਤੁਸੀਂ ਗ੍ਰਾਸ ਵੈਲੀ ਵਿੱਚ ਸਥਿਤ 200 Litton Drive. #212 'ਤੇ ਨੇਬਰਹੁੱਡ ਸੈਂਟਰ ਆਫ਼ ਆਰਟਸ ਤੋਂ ਸਟੈਫ਼ਨੀ ਦਾ ਕੰਮ ਖਰੀਦ ਸਕਦੇ ਹੋ। ਤੁਸੀਂ ਉਹਨਾਂ ਦੀ ਵੈੱਬਸਾਈਟ http://www.ncagrassvalley.org 'ਤੇ ਵੀ ਜਾ ਸਕਦੇ ਹੋ।

Neighborhood Center of the Arts
Arts • Advocacy • Opportunity



